# ਨਿਊਜ਼ ਰਿਲੀਜ਼
ਫੌਰੀ ਜਾਰੀ ਕਰਨ ਲਈ

CCPA
CANADIAN CENTRE
for POLICY ALTERNATIVES
BC Office

18 ਜੂਨ, 2008

## ਫਾਰਮ-ਵਰਕਰਾਂ ਨੂੰ ਦੂਜੇ ਦਰਜੇ ਦੇ ਵਰਕਰ ਬਣਾ ਦਿੱਤਾ ਗਿਆ ਹੈ – ਅਧਿਐਨ

### ਤਜਵੀਜ਼ਸ਼ੁਦਾ ਤਬਦੀਲੀਆਂ ਬੀ.ਸੀ. ਦੇ ਇਮੀਗਰਾਂਟ ਅਤੇ ਪਰਵਾਸੀ ਫਾਰਮ-ਵਰਕਰਾਂ ਦੀ ਲੁੱਟ-ਖਸੁੱਟ ਨੂੰ ਖਤਮ ਕਰਨਗੀਆਂ।

(ਵੈਨਕੂਵਰ) ਬੀ ਸੀ ਵਿਚ ਫਾਰਮਾਂ ਦੇ ਕੰਮ ਬਾਰੇ ਹੋਏ ਇਕ ਨਵੇਂ ਅਧਿਐਨ ਨੇ, ਰੁਜ਼ਗਾਰ ਨਾਲ ਸੰਬੰਧਿਤ ਮਿਆਰਾਂ ਅਤੇ ਸਿਹਤ ਅਤੇ ਸੁਰੱਖਿਆ ਦੇ ਨਿਯਮਾਂ ਦੀ ਯੋਜਨਾਬੱਧ ਉਲੰਘਣਾ, ਕੰਮ ਦੀਆਂ ਮਾੜੀਆਂ ਅਤੇ ਅਕਸਰ ਖਤਰਨਾਕ ਹਾਲਤਾਂ, ਅਤੇ ਸਰਕਾਰੀ ਏਜੰਸੀਆਂ ਵਲੋਂ ਨਿਯਮਾਂ ਨੂੰ ਲਾਗੂ ਨਾ ਕਰਨ ਦੀ ਦੁੱਖਦਾਈ ਸਥਿਤੀ ਦਾ ਪੋਲ ਖੋਲ੍ਹਿਆ ਹੈ। ਇਸ ਅਧਿਐਨ ਦੇ ਲੇਖਕਾਂ ਨੇ ਨੀਤੀ (ਪਾਲਸੀ) ਵਿਚ ਵਿਆਪਕ ਤਬਦੀਲੀਆਂ ਕਰਨ ਦੀ ਤਜਵੀਜ਼ ਰੱਖੀ ਹੈ ਜਿਹੜੀਆਂ ਇਹ ਪੱਕਾ ਕਰਨਗੀਆਂ ਕਿ ਫਾਰਮ-ਵਰਕਰਾਂ – ਜਿਨ੍ਹਾਂ ਵਿੱਚੋਂ ਬਹੁਤੇ ਇਮੀਗਰਾਂਟ ਅਤੇ ਕੱਚੇ ਪਰਵਾਸੀ ਹਨ – ਨਾਲ ਹੁਣ ਦੂਜੇ ਦਰਜੇ ਦਾ ਵਰਤਾਉ ਨਾ ਹੋਵੇ।

ਅਧਿਐਨ ਦੀ ਸਹਿ-ਲੇਖਕਾ ਅਤੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਸਮਾਜ-ਵਿਗਿਆਨ ਵਿਭਾਗ ਦੀ ਪ੍ਰੋਫੈਸਰ ਇਮੀਰੀਤਾ ਅਰਲੀਨ ਮੈਕਲੈਰਨ, ਦਾ ਕਹਿਣਾ ਹੈ, "ਫਾਰਮ-ਵਰਕਰ ਇਕ ਗੁੰਝਲਦਾਰ ਅਤੇ ਭੰਬਲ-ਭੂਸੇ ਵਾਲੇ ਸਿਸਟਮ ਦੇ ਰਹਿਮ 'ਤੇ ਹਨ, ਜੋ ਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਖਤਰੇ ਵਿਚ ਪਾਉਂਦੇ ਹੋਏ ਉਨ੍ਹਾਂ ਦੀ ਲੁੱਟ-ਖਸੁੱਟ ਕਰਦਾ ਹੈ, ਉਨ੍ਹਾਂ ਨੂੰ ਧਮਕਾਉਂਦਾ ਹੈ ਅਤੇ ਉਨ੍ਹਾਂ ਨੂੰ ਚੁੱਪ ਕਰਵਾਉਂਦਾ ਹੈ।"

ਇਹ ਅਧਿਐਨ ਕਈ ਸ੍ਰੋਤਾਂ ਤੋਂ ਕੀਤਾ ਗਿਆ ਹੈ, ਜਿਨ੍ਹਾਂ ਵਿਚ ਸਰਕਾਰ ਅਤੇ ਫਾਰਮ ਇੰਡਸਟਰੀ ਦੇ ਮੁੱਖ ਜਾਣੂਆਂ ਨਾਲ ਇੰਟਰਵਿਊ ਕਰਨਾ, 53 ਇੰਡੋ-ਕੈਨੇਡੀਅਨ ਇਮੀਗਰਾਂਟ ਅਤੇ ਮੈਕਸੀਕੋ ਤੋਂ ਆਏ ਪਰਵਾਸੀ ਫਾਰਮ-ਵਰਕਰਾਂ ਨਾਲ ਇੰਟਰਵਿਊ ਕਰਨਾ, 87 ਮੈਕਸੀਕਨ ਪਰਵਾਸੀ ਫਾਰਮ-ਵਰਕਰਾਂ ਦਾ ਸਰਵੇਖਣ ਕਰਨਾ ਅਤੇ ਹੋਰ ਖੇਤਰਾਂ ਵਿਚਲੇ ਬਿਹਤਰ ਅਮਲਾਂ 'ਤੇ ਨਜ਼ਰਸਾਨੀ ਕਰਨਾ ਸ਼ਾਮਲ ਹਨ। ਇਹ ਅਧਿਐਨ ਇਕਨੌਮਿਕ ਸਕਿਉਰਟੀ ਪ੍ਰੋਜੈਕਟ ਦਾ ਹਿੱਸਾ ਹੈ, ਜੋ ਕਿ ਕੈਨੇਡੀਅਨ ਸੈਂਟਰ ਫਾਰ ਪੌਲਸੀ ਅਲਟਰਨੇਟਿਵਜ਼ ਅਤੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਦਾ ਇਕ ਸਾਂਝਾ ਉੱਦਮ ਹੈ।

ਇਸ ਅਧਿਐਨ ਦੇ ਮੁੱਖ ਸਿੱਟਿਆਂ ਵਿਚ ਇਹ ਸਿੱਟੇ ਸ਼ਾਮਲ ਹਨ:

- ਫਾਰਮ-ਵਰਕਰ, ਬਿਨਾਂ ਹਿਫਾਜ਼ਤੀ ਸਾਜ਼-ਸਮਾਨ ਜਾਂ ਟਰੇਨਿੰਗ ਦੇ, ਆਮ ਹੀ ਕੀੜੇ ਮਾਰ ਦਵਾਈਆਂ, ਗਰੀਨਹਾਊਸਾਂ ਵਿਚ ਸਬਜ਼ੀਆਂ ਨੂੰ ਪਕਾਉਣ ਲਈ ਵਰਤੀਆਂ ਜਾਂਦੀਆਂ ਗੈਸਾਂ ਅਤੇ ਹੋਰ ਕੈਮੀਕਲਾਂ ਦੇ ਸੰਪਰਕ ਵਿਚ ਆਉਂਦੇ ਹਨ।
- ਇਮੀਗਰਾਂਟ ਫਾਰਮ-ਵਰਕਰਾਂ ਨੂੰ, ਫਾਰਮ ਵਿਚ ਲੇਬਰ ਸਪਲਾਈ ਕਰਨ ਵਾਲੇ ਠੇਕੇਦਾਰਾਂ ਵਲੋਂ ਆਮ ਹੀ ਅਜਿਹੀਆਂ ਵੈਨਾਂ ਵਿਚ ਲਿਜਾਇਆ ਜਾਂਦਾ ਹੈ ਜਿਹੜੀਆਂ ਸੁਰੱਖਿਆ ਦੇ ਨਿਯਮਾਂ ਦੀ ਉਲੰਘਣਾ ਕਰਦੀਆਂ ਹਨ। ਫਾਰਮ-ਵਰਕਰ ਆਪਣੀ ਸੁਰੱਖਿਆ ਬਾਰੇ ਫਿਕਰ ਕਰਦੇ ਹਨ, ਪਰ ਉਨ੍ਹਾਂ ਨੂੰ ਕੰਮ ਉੱਤੇ ਜਾਣ ਅਤੇ ਕੰਮ ਤੋਂ ਆਉਣ ਲਈ ਠੇਕੇਦਾਰਾਂ ਦੀਆਂ ਵੈਨਾਂ 'ਤੇ ਨਿਰਭਰ ਕਰਨਾ ਪੈਂਦਾ ਹੈ। ਆਪਣੇ ਕੰਮਾਂ ਦੇ ਟੁੱਟਣ ਦੇ ਖਤਰੇ ਕਰਕੇ ਉਹ ਗੱਡੀ ਜਾਂ ਸੁਰੱਖਿਆ ਦੀ ਕਿਸੇ ਹੋਰ ਉਲੰਘਣਾ ਦੀ ਰਿਪੋਰਟ ਨਹੀਂ ਕਰਦੇ।
- ਸਿਹਤ ਅਤੇ ਸੁਰੱਖਿਆ ਨਾਲ ਸੰਬੰਧਿਤ ਮਿਆਰਾਂ ਦੀ ਨੇਮ ਨਾਲ ਉਲੰਘਣਾ ਹੁੰਦੀ ਹੈ। ਉਦਾਹਰਣ ਲਈ, ਸਰਵੇ ਵਿਚ ਹਿੱਸਾ ਲੈਣ ਵਾਲੇ 4 ਵਿਅਕਤੀਆਂ ਪਿੱਛੇ ਤਕਰੀਬਨ 1 ਨੇ ਇਹ ਦੱਸਿਆ ਕਿ ਕੰਮ ਦੀ ਥਾਂ 'ਤੇ ਵਾਸ਼ਰੂਮ ਕਦੇ- ਕਦਾਈਂ ਹੀ ਹੁੰਦਾ ਸੀ ਜਾਂ ਬਿਲਕੁਲ ਨਹੀਂ ਸੀ, ਅਤੇ ਤਿੰਨਾਂ ਵਿੱਚੋਂ ਇਕ ਅਨੁਸਾਰ ਹੱਥ ਧੋਣ ਲਈ ਪਾਣੀ ਕਦੇ ਕਦੇ ਹੀ ਮਿਲਦਾ ਸੀ ਜਾਂ ਬਿਲਕੁਲ ਨਹੀਂ ਸੀ ਮਿਲਦਾ।
- ਸਾਲ 2001 ਤੋਂ ਲੈ ਕੇ, ਖੇਤੀਬਾੜੀ ਦੇ ਖੇਤਰ ਵਿਚ ਵਰਕਸੇਫ ਬੀ ਸੀ ਦੀਆਂ ਇੰਸਪੈਕਸ਼ਨ ਰਿਪੋਰਟਾਂ 62 ਫੀ ਸਦੀ ਤੱਕ ਘਟ ਗਈਆਂ ਅਤੇ ਰੋਕਥਾਮ ਲਈ ਆਰਡਰ 73 ਫੀ ਸਦੀ ਤੱਕ ਘਟ ਗਏ। ਅਧਿਐਨ ਵਿਚ ਹਿੱਸਾ ਲੈਣ ਵਾਲੇ ਕਿਸੇ ਵੀ ਵਿਅਕਤੀ ਨੂੰ ਵਰਕਸੇਫ ਬੀ ਸੀ ਦੀ ਕਿਸੇ ਫੇਰੀ ਦਾ ਚੇਤਾ ਨਹੀਂ ਸੀ।
- ਫਾਰਮ ਵਰਕਰਾਂ ਦੀ ਔਸਤ ਕਮਾਈ ਪ੍ਰਤੀ ਘੰਟਾ 8 ਡਾਲਰ ਤੋਂ ਥੋੜ੍ਹਾ ਜਿਹਾ ਜ਼ਿਆਦਾ ਹੈ ਅਤੇ ਉਨ੍ਹਾਂ ਨੂੰ ਓਵਰਟਾਈਮ ਦੀ ਕੋਈ ਤਨਖਾਹ ਨਹੀਂ ਮਿਲਦੀ ਅਤੇ ਪੀਸ ਰੇਟ 'ਤੇ ਕੰਮ ਕਰਨ ਵਾਲੇ ਬਹੁਤੇ ਵਰਕਰ ਘੱਟੋ-ਘੱਟ ਤਨਖਾਹ ਨਾਲੋਂ ਵੀ ਘੱਟ ਪੈਸੇ ਬਣਾਉਂਦੇ ਹਨ। ਪਰ ਹਿੱਸਾ ਲੈਣ ਵਾਲਿਆਂ ਨੇ ਇਹ ਦੱਸਿਆ ਕਿ ਉਨ੍ਹਾਂ ਨੂੰ ਬਹੁਤ ਜ਼ਿਆਦਾ ਘੰਟੇ ਕੰਮ ਕਰਨਾ ਪੈਂਦਾ ਹੈ – ਹਰ ਰੋਜ਼ 10-12 ਘੰਟੇ, ਹਫਤੇ ਵਿਚ 6-7 ਦਿਨ।

*ਜਾਰੀ...*

1400 – 207 West Hastings Street • Vancouver, BC V6B 1H7
ਟੈਲੀਫੋਨ: 604-801-5121 • ਫੈਕਸ: 604-801-5122 • ccpabc@policyalternatives.ca • www.policyalternatives.ca

- ਸੀਜ਼ਨਲ ਐਗਰੀਕਲਚਰਲ ਵਰਕਰ ਪ੍ਰੋਗਰਾਮ (ਐੱਸ ਏ ਡਬਲਯੂ ਪੀ) ਨਾਮੀ ਇਕ ਫੈਡਰਲ-ਸੂਬਾਈ ਪ੍ਰੋਗਰਾਮ ਅਧੀਨ, ਜਿਸ ਵਿਚ ਬੀ ਸੀ 2004 ਵਿਚ ਸ਼ਾਮਲ ਹੋਇਆ ਸੀ, ਵਧ ਰਹੀ ਗਿਣਤੀ ਵਿਚ ਮੁੱਖ ਤੌਰ 'ਤੇ ਮੈਕਸੀਕਨ ਪਰਵਾਸੀ ਕਾਮਿਆਂ ਨੂੰ ਅਜਿਹੀਆਂ ਹਾਲਤਾਂ ਵਿਚ ਕੈਨੇਡਾ ਲਿਆਇਆ ਜਾਂਦਾ ਹੈ ਜਿਹੜੀਆਂ ਇਕਰਾਰਨਾਮੇ ਨਾਲ ਕੀਤੀ ਜਾਣ ਵਾਲੀ ਗੁਲਾਮੀ ਸਮਾਨ ਹਨ। ਪਰਵਾਸੀ ਕਾਮਿਆਂ ਨੂੰ ਅਕਸਰ ਘਟੀਆ ਰਿਹਾਇਸ਼ੀ ਹਾਲਤਾਂ ਵਿਚ ਰੱਖਿਆ ਜਾਂਦਾ ਹੈ, ਉਨ੍ਹਾਂ ਨੂੰ ਇਹ ਚੋਣ ਕਰਨ ਦੀ ਆਗਿਆ ਨਹੀਂ ਹੈ ਕਿ ਉਹ ਕਿਸ ਲਈ ਕੰਮ ਕਰਨਗੇ ਅਤੇ ਉਹ ਆਪਣੇ ਮੁਢਲੇ ਹੱਕਾਂ ਲਈ ਖੜ੍ਹੇ ਨਹੀਂ ਹੋ ਸਕਦੇ ਕਿਉਂਕਿ ਉਨ੍ਹਾਂ ਨੂੰ ਆਪਣੇ ਦੇਸ਼ ਵਾਪਸ ਭੇਜੇ ਜਾਣ ਦਾ ਡਰ ਸਤਾਉਂਦਾ ਰਹਿੰਦਾ ਹੈ।

"ਇਹ ਕੋਈ ਕਦੇ-ਕਦਾਈਂ ਵਾਪਰਨ ਵਾਲੀਆਂ ਜਾਂ ਕੁਝ ਕੁ ਡਰਾਉਣੀਆਂ ਕਹਾਣੀਆਂ ਨਹੀਂ ਹਨ," ਇਸ ਅਧਿਐਨ ਦੇ ਸਹਿ-ਲੇਖਕ ਅਤੇ ਯੂ ਬੀ ਸੀ ਦੇ ਸੌਡਰ ਸਕੂਲ ਆਫ ਬਿਜ਼ਨਸ ਦੇ ਪ੍ਰੋਫੈਸਰ ਇਮਰੀਤਸ ਮਾਰਕ ਥੌਂਪਸਨ ਦਾ ਕਹਿਣਾ ਹੈ ਜਿਨ੍ਹਾਂ ਨੇ 1990 ਵਿਆਂ ਵਿਚ ਰੁਜ਼ਗਾਰ ਨਾਲ ਸੰਬੰਧਿਤ ਮਿਆਰਾਂ 'ਤੇ ਬਣੇ ਕਮਿਸ਼ਨ ਦੀ ਅਗਵਾਈ ਕੀਤੀ ਸੀ। "ਇਹ ਆਮ, ਹਰ ਰੋਜ਼ ਦੀਆਂ ਹਾਲਤਾਂ ਹਨ ਜਿਨ੍ਹਾਂ ਵਿਚ ਫਾਰਮ ਵਰਕਰਾਂ ਦੇ ਮੁਢਲੇ ਮਨੁੱਖੀ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ।"

"ਸਭ ਤੋਂ ਅਸੁਰੱਖਿਅਤ ਵਰਕਰਾਂ ਉੱਤੇ ਬੋਝ ਪਾ ਕੇ ਸਾਨੂੰ ਇਸ ਇੰਡਸਟਰੀ ਨੂੰ ਸਬਸਿਡੀਆਂ ਨਹੀਂ ਦੇਣੀਆਂ ਚਾਹੀਦੀਆਂ," ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਟੀ ਸਰਵਿਸਿਜ਼ ਸੁਸਾਇਟੀ ਦੇ ਸੀ ਈ ਓ, ਚਰਨ ਗਿੱਲ ਦਾ ਕਹਿਣਾ ਹੈ। "ਇਹ ਸਮਾਂ ਸੂਬੇ ਵਲੋਂ ਦਖਲ ਦੇਣ ਅਤੇ ਫਾਰਮ ਵਰਕਰਾਂ ਲਈ ਚੰਗੀਆਂ ਹਾਲਤਾਂ ਯਕੀਨੀ ਬਣਾਉਣ ਦਾ ਸਮਾਂ ਹੈ।"

ਬੀ ਸੀ ਫੈਡਰੇਸ਼ਨ ਆਫ ਲੇਬਰ ਦੇ ਪ੍ਰਧਾਨ ਜਿਮ ਸਿੰਕਲਰ ਦਾ ਕਹਿਣਾ ਹੈ ਕਿ ਸੂਬੇ ਨੂੰ ਫਾਰਮ ਵਰਕਰਾਂ ਲਈ ਰੁਜ਼ਗਾਰ ਦੇ ਮੁਢਲੇ ਮਿਆਰਾਂ ਨੂੰ ਦੁਬਾਰਾ ਲਾਗੂ ਕਰਕੇ ਸ਼ੁਰੂਆਤ ਕਰਨੀ ਚਾਹੀਦਾ ਹੈ ਜਿਹੜੇ ਮਿਆਰਾਂ ਨੂੰ 2002 ਅਤੇ 2003 ਵਿਚ ਖਤਮ ਕਰ ਦਿੱਤਾ ਗਿਆ ਸੀ। "ਫਾਰਮ ਵਰਕਰਾਂ ਦੇ ਵੀ ਸਾਡੇ ਸਾਰਿਆਂ ਵਰਗੇ ਹੀ ਹੱਕ ਹੋਣੇ ਚਾਹੀਦੇ ਹਨ। ਸਰਕਾਰ ਨੂੰ ਫਾਰਮਾਂ ਵਿਚ ਇੰਸਪੈਕਸ਼ਨਾਂ ਵਧਾਉਣ ਦੀ, ਅਤੇ ਵਰਕਰਾਂ ਦੇ ਹੱਕ ਵਿਚ ਸਰਗਰਮ ਐਗਰੀਕਲਚਰਲ ਕਮਪਲਾਇੰਸ ਟੀਮ ਵਰਗੀਆਂ ਨਿਗਰਾਨੀ ਕਰਨ ਵਾਲੀਆਂ ਟੀਮਾਂ ਨੂੰ ਦੁਬਾਰਾ ਕਾਇਮ ਕਰਨ ਦੀ ਵੀ ਲੋੜ ਹੈ।"

ਲੇਬਰ ਅਰਥ ਵਿਗਿਆਨੀ ਅਤੇ ਅਧਿਐਨ ਦੇ ਸਹਿ-ਲੇਖਕ ਡੇਵਿਡ ਫੈਰੀ ਇਹ ਦਲੀਲ ਦਿੰਦੇ ਹਨ ਕਿ ਸਰਕਾਰ ਨੂੰ ਫਾਰਮਾਂ ਨੂੰ ਲੇਬਰ ਸਪਲਾਈ ਕਰਨ ਵਾਲਾ ਪ੍ਰਾਈਵੇਟ ਠੇਕੇਦਾਰੀ ਸਿਸਟਮ ਖਤਮ ਕਰ ਦੇਣਾ ਚਾਹੀਦਾ ਹੈ ਅਤੇ ਇਸ ਦੀ ਥਾਂ 'ਤੇ ਬਿਨਾਂ ਮੁਨਾਫੇ ਤੋਂ ਕਾਮੇ ਭਰਤੀ ਕਰਨ ਵਾਲਾ ਹਾਇਰਿੰਗ ਹਾਲ ਦਾ ਮਾਡਲ ਲਾਗੂ ਕਰਨਾ ਚਾਹੀਦਾ ਹੈ। "ਲੇਬਰ ਸਪਲਾਈ ਲਈ ਇਕ ਵੱਖਰਾ, ਨਿਯਮਬੱਧ ਅਤੇ ਭਰੋਸੇਯੋਗ ਸਿਸਟਮ ਫਾਰਮਰਾਂ ਅਤੇ ਫਾਰਮ ਵਰਕਰਾਂ ਦੋਨਾਂ ਲਈ ਫਾਇਦੇਮੰਦ ਹੋਵੇਗਾ। ਇਹ ਵਰਕਰਾਂ ਦੀ ਸੁਰੱਖਿਅਤ ਢੋਆ-ਢੁਆਈ ਵੀ ਪ੍ਰਦਾਨ ਕਰੇਗਾ ਅਤੇ ਇਕ ਹੋਰ ਦੁਖਦਾਈ ਵੈਨ ਹਾਦਸੇ ਤੋਂ ਬਚਾਏਗਾ।"

ਅਧਿਐਨ ਦੀ ਸਹਿ-ਲੇਖਕਾ ਕਰਿਸਟੀਨਾ ਹੈਨਸਨ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਹਾਇਰਿੰਗ ਹਾਲ ਸਿਸਟਮ, ਵਿੱਚ ਸੀਜ਼ਨਲ ਐਗਰੀਕਲਚਰਲ ਵਰਕਰਜ਼ ਪ੍ਰੋਗਰਾਮ ਵਿਚਲੇ ਪਰਵਾਸੀ ਕਾਮਿਆਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ। "ਇਸ ਵੇਲੇ, ਪਰਵਾਸੀ ਕਾਮੇ ਕਿਸੇ ਖਾਸ ਕੰਮ-ਮਾਲਕ ਕੋਲ ਬੱਝੇ ਕੈਨੇਡਾ ਆਉਂਦੇ ਹਨ, ਜਿਸ ਨਾਲ ਤਾਕਤ ਦਾ ਇਕ ਅਸਾਵਾਂ ਫਰਕ ਪੈਦਾ ਹੋ ਜਾਂਦਾ ਹੈ।"

"ਫੈਡਰਲ ਸਰਕਾਰ ਵਲੋਂ ਸੀਜ਼ਨਲ ਐਗਰੀਕਲਚਰਲ ਵਰਕਰਜ਼ ਪ੍ਰੋਗਰਾਮ ਦਾ ਪੁਨਰਗਠਨ ਕੀਤੇ ਜਾਣ ਦੀ ਲੋੜ ਹੈ ਤਾਂ ਜੋ ਕੰਮ-ਮਾਲਕ ਧੱਕੇਸ਼ਾਹੀ ਨਾਲ ਕਾਮਿਆਂ ਨੂੰ ਵਾਪਸ ਆਪਣੇ ਦੇਸ਼ ਨਾ ਭੇਜ ਸਕਣ ਅਤੇ ਪਰਵਾਸੀ ਕਾਮੇ ਪੱਕੇ ਵਸਨੀਕ ਬਣਨ ਲਈ ਅਰਜ਼ੀ ਦੇ ਸਕਣ," ਐਡਰੀਅਨਾ ਪੇਜ਼ ਦਾ ਕਹਿਣਾ ਹੈ ਜੋ ਕਿ ਜਸਟੀਸੀਆ ਫਾਰ ਮਾਈਗਰੈਂਟ ਵਰਕਰਜ਼ ਨੂੰ ਜਥੇਬੰਦ ਕਰਦੇ ਹਨ। "ਕੰਮ ਕਰਨ ਅਤੇ ਰਹਿਣ ਦੀਆਂ ਚੰਗੀਆਂ ਹਾਲਤਾਂ ਸਥਾਪਤ ਅਤੇ ਲਾਗੂ ਕਰਨ ਲਈ ਇਸ ਨੂੰ ਸਰਕਾਰ ਦੇ ਹੋਰ ਪੱਧਰਾਂ ਨਾਲ ਵੀ ਤਾਲਮੇਲ ਕਰਨਾ ਚਾਹੀਦਾ ਹੈ।"

-30-

*ਫਾਰਮ-ਵਰਕਰਾਂ ਦੇ ਹੱਕਾਂ ਵਿਚ ਸੁਧਾਰ ਕਰਨਾ: ਬੀ ਸੀ ਵਿਚ ਇਮੀਗਰਾਂਟ ਅਤੇ ਪਰਵਾਸੀ ਫਾਰਮ ਵਰਕਰਾਂ ਦੀ ਲੁੱਟ- ਖਸੁੱਟ ਖਤਮ ਕਰਨਾ* ਨਾਂ ਦਾ ਅਧਿਐਨ ਸੀ ਸੀ ਪੀ ਏ, ਜਸਟੀਸੀਆ ਫਾਰ ਮਾਈਗਰੈਂਟ ਵਰਕਰਜ਼, ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਟੀ ਸਰਵਿਸਿਜ਼ ਸੁਸਾਇਟੀ (ਪਿਕਸ) ਅਤੇ ਬੀ ਸੀ ਫੈਡਰੇਸ਼ਨ ਆਫ ਲੇਬਰ ਵਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ ਸੀ। ਇਕਨੌਮਿਕ ਸਕਿਉਰਟੀ ਪ੍ਰੋਜੈਕਟ ਲਈ ਫੰਡ ਮੁੱਖ ਤੌਰ 'ਤੇ ਸੋਸ਼ਲ ਸਾਇੰਸਿਜ਼ ਐਂਡ ਹਿਊਮਨਟੀਜ਼ ਰੀਸਰਚ ਕੌਂਸਲ ਆਫ ਕੈਨੇਡਾ (ਐੱਸ ਐੱਸ ਐੱਚ ਆਰ ਸੀ) ਨੇ ਦਿੱਤੇ ਹਨ।

www.policyalternatives.ca ਵੈੱਬਸਾਈਟ ਤੋਂ ਪੂਰਾ ਅਧਿਐਨ ਡਾਊਨਲੋਡ ਕਰੋ। ਇੰਟਰਵਿਊ ਦਾ ਪ੍ਰਬੰਧ ਕਰਨ ਲਈ ਟੇਰਾ ਪੋਇਰੀਅਰ ਨੂੰ 604-801-5121 ਐਕਸਟੈਨਸ਼ਨ 229 'ਤੇ ਫੋਨ ਕਰੋ।